# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 01-06-2024**

ਲੋਕ ਸਭਾ ਚੋਣਾਂ ਦੇ ਸੱਤਵੇਂ ਅਤੇ ਆਖਰੀ ਗੇੜ ਲਈ ਅੱਜ ਵੋਟਾਂ ਪਾਈਆ ਜਾ ਰਹੀਆਂ ਨੇ। ਇਸ ਗੇੜ ਵਿੱਚ ਸੱਤ ਰਾਜਾਂ ਅਤੇ ਇੱਕ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਸਮੇਤ ਕੁੱਲ 57 ਲੋਕ ਸਭਾ ਹਲਕਿਆਂ ਵਿੱਚ ਵੋਟਾਂ ਪੈ ਰਹੀਆਂ ਨੇ । ਇਸ ਗੇੜ ਉੱਤਰ ਪ੍ਰਦੇਸ਼ ਅਤੇ ਪੰਜਾਬ ਦੀਆਂ 13-13 ਸੀਟਾਂ, ਪੱਛਮੀ ਬੰਗਾਲ ਦੀਆਂ 9 ਸੀਟਾਂ, ਬਿਹਾਰ ਦੀਆਂ 8 ਸੀਟਾਂ, ਉੜੀਸਾ ਦੀਆਂ 6 ਸੀਟਾਂ, ਹਿਮਾਚਲ ਪ੍ਰਦੇਸ਼ ਦੀਆਂ 4 ਸੀਟਾਂ ਤੇ ਝਾਰਖੰਡ ਦੀਆਂ 3 ਸੀਟਾਂ 'ਤੇ ਵੋਟਾਂ ਪੈ ਰਹੀਆਂ ਨੇ।

---

ਏਧਰ ਪੰਜਾਬ ਦੇ ਸਾਰੇ ਹੀ 13 ਲੋਕਸਭਾ ਹਲਕਿਆਂ ਵਿਚ ਚੋਣਾਂ ਲਈ ਵੋਟਿੰਗ ਦਾ ਸਿਲਸਿਲਾ ਅਮਨ-ਅਮਾਨ ਨਾਲ ਹੋਲੀ ਹੋਲੀ ਅੱਗੇ ਵੱਧ ਰਿਹਾ ਏ। ਵੋਟਿੰਗ ਸਵੇਰੇ ਠੀਕ ਸੱਤ ਵਜੇ ਸ਼ੁਰੂ ਹੋਈ। ਜਲੰਧਰ ਸਮੇਤ

ਸੂਬੇ ਦੇ ਕਈ ਲੋਕਸਭਾ ਹਲਕਿਆਂ ਵਿਚ ਸੱਤ ਵਜੇ ਤੋਂ ਪਹਿਲਾਂ ਹੀ ਲੋਕ ਕਤਾਰਾਂ ਵਿਚ ਖੜੇ ਨਜ਼ਰ ਆਏ। ਹਾਲਾਂਕਿ ਕਈ ਥਾਂਵਾਂ ਤੇ ਵੋਟਰਾਂ ਦੀ ਗਿਣਤੀ ਇਕ ਦੁੱਕਾ ਹੀ ਰਹੀ। ਚੋਣ ਕਮਿਸ਼ਨ ਨੇ ਜਬਰਦਸਤ ਗਰਮੀ ਦੇ ਇਸ ਮੌਸਮ ਵਿਚ, ਵੋਟਰਾਂ ਦੀ ਸਹੂਲਤ ਲਈ, ਪੋਲਿੰਗ ਕੇਂਦਰਾਂ ਤੇ ਵਿਸ਼ੇਸ਼ ਪ੍ਰਬੰਧ ਕੀਤੇ ਨੇ। ਸੂਬੇ ਦੇ 2 ਕਰੋੜ 14 ਲੱਖ ਤੋਂ ਵੱਧ ਵੋਟਰ ਚੋਣ ਮੈਦਾਨ ਵਿਚ ਨਿਤਰੇ 169 ਆਜ਼ਾਦ ਉਮੀਦਵਾਰਾਂ ਸਮੇਤ ਕੁਲ 328 ਉਮੀਦਵਾਰਾਂ ਦੀ ਕਿਸਮਤ ਨੂੰ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਵਿਚ ਬੰਦ ਕਰ ਰਹੇ ਨੇ। ਪੋਲਿੰਗ ਸ਼ਾਮ 6 ਵਜੇ ਤਕ ਹੋਵੇਗੀ।

---------------------------------------------------

11 ਵਜੇ ਤੱਕ ਪੰਜਾਬ ਵਿਚ 23.91 ਫ਼ੀਸਦੀ, ਚੰਡੀਗੜ੍ਹ ਵਿਚ 25.03 ਫ਼ੀਸਦੀ ਅਤੇ ਹਿਮਾਚਲ ਪ੍ਰਦੇਸ਼ ਵਿਚ 31.92 ਫ਼ੀਸਦੀ ਪੋਲਿੰਗ ਦਰਜ ਕੀਤੀ ਗਈ ਏ। ਸ੍ਰੋਤਿਓ ਇਸ ਵੇਲੇ ਫੋਨ ਲਾਈਨ ਤੇ ਸਾਡੇ ਨਾਲ ਮੌਜੂਦ ਨੇ ਵਿਸ਼ੇਸ਼ ਸੰਵਾਦਦਾਤਾ ਸ਼ਿਸ਼ੂ ਸ਼ਰਮਾ ਸ਼ਾਂਤਲ, ਜੋ ਸਾਂਨੂੰ ਵਧੇਰੇ ਜਾਣਕਾਰੀ ਦੇ ਰਹੇ ਨੇ, ਸਰ ਵੋਟਿੰਗ ਦੀ ਕੀ ਸਥਿਤੀ ਏ। ਆਓ ਹੁਣ

ਚਲਦੇ ਆ ਪਟਿਆਲਾ ਤੋਂ ਸਾਡੇ ਪਤਰਕਾਰ ਰਾਓ ਵਰਿੰਦਰ ਕੋਲ ਤੇ ਜਾਣਦੇ ਆ ਕੀ ਓਥੇ ਵੋਟਾਂ ਦਾ ਕੀ ਮਾਹੌਲ ਬਣਿਆ ਹੋਇਐ।